## ਸ਼ੇਖ ਫ਼ਰੀਦ - ਸਬਦ ੩੧

## ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੯

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥੨੭॥

**ਸਾਰ:** ਜਿਨ੍ਹਾਂ ਵਸਤਾਂ ਨੂੰ ਅਸੀਂ ਅਕਸਰ ਕੀਮਤੀ ਸਮਝਦੇ ਹਾਂ, ਜਿਵੇਂ ਦੌਲਤ, ਰੁਤਬਾ, ਮਾਨਤਾ, ਅਤੇ ਬੌਧਿਕ ਪ੍ਰਾਪਤੀਆਂ, ਇਹ ਮਨੁੱਖੀ ਇੰਦਰੀਆਂ ਨੂੰ ਲੁਭਾ, ਸਾਡੀ ਹਉਮੈ ਨੂੰ ਪਾਲਦੀਆਂ ਹਨ। ਭਾਵੇਂ ਇਹ ਸਭ ਫਲਦਾਇਕ ਭਾਸਦੀਆਂ ਹਨ ਅਤੇ ਚੈਨ ਦਾ ਅਹਿਸਾਸ ਕਰਵਾਉਂਦੀਆਂ ਹਨ ਪਰ ਇਹ ਸਦੀਵੀ ਖੇੜਾ ਲਿਆਉਣ ਵਿਚ ਸਹਾਈ ਨਹੀਂ ਹੁੰਦੀਆਂ। ਬਿਲਕੁਲ ਉਸੇ ਤਰ੍ਹਾਂ ਜਿਵੇਂ ਪਿਆਸਾ ਵਿਅਕਤੀ ਪਿਆਸ ਬੁਝਾਉਣ ਦੀ ਉਮੀਦ ਵਿਚ ਖਾਰਾ ਪਾਣੀ ਪੀਂਦਾ ਹੈ, ਜੋ ਉਸਦੀ ਤ੍ਰੇਹ ਨੂੰ ਹੋਰ ਉਤੇਜਿਤ ਕਰ ਦਿੰਦਾ ਹੈ। ਸ੍ਰਿਸ਼ਟੀ ਦੀ ਏਕਤਾ ਦਾ ਅਨੁਭਵ ਕਰਨ ਵਿਚ ਮਿਲਿਆ ਗੂੜ੍ਹ ਅਨੰਦ ਭੌਤਿਕ ਕਾਰਜਾਂ ਤੋਂ ਪ੍ਰਾਪਤ ਥੋੜ੍ਹਚਿਰੀ ਸੰਤੁਸ਼ਟੀ ਤੋਂ ਕਿਧਰੇ ਵਡੇਰਾ ਅਤੇ ਸਦੀਵੀ ਹੁੰਦਾ ਹੈ।

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਫਰੀਦ ਕਹਿੰਦੇ ਹਨ ਕਿ ਸ਼ੱਕਰ, ਖੰਡ, ਸ਼ਹਿਦ, ਮੱਖਣ, ਅਤੇ ਦੁੱਧ। ਇਹ ਰਸ ਭਰਪੂਰ ਮਿੱਠੀਆਂ ਵਸਤਾਂ ਦੁਨਿਆਵੀ ਸਵਾਦ ਨੂੰ ਦਰਸਾਉਂਦੀਆਂ ਹਨ।

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥੨੭॥
ਇਹ ਸਾਰੀਆਂ ਮਿੱਠੀਆਂ ਵਸਤਾਂ ਆਨੰਦ ਦਾਇਕ ਹੋ ਸਕਦੀਆਂ ਹਨ, ਪਰ ਇਹਨਾਂ ਵਿਚੋਂ ਕੋਈ ਵੀ ਏਕਤਾ ਦੇ ਤੁਲ ਨਹੀਂ ਹੈ, ਜਿਸ ਕਾਰਣ ਕੋਈ ਵੀ ਭੌਤਿਕ ਜਾਂ ਇੰਦ੍ਰਿਆਵੀ ਸੁਖ ਏਕਤਾ ਜਿੰਨਾ ਅਨੰਦਦਾਇਕ ਨਹੀਂ ਹੁੰਦਾ। (੨੭)

**ਤੱਤ:** ਸੇਖ ਫਰੀਦ ਖੰਡ, ਸ਼ਹਿਦ, ਮੱਖਣ ਅਤੇ ਦੁੱਧ ਦੀ ਉਦਾਹਰਣ ਦਿੰਦੇ ਹਨ, ਜੋ ਕਿ ਸੁਆਦ ਅਤੇ ਰਸ ਭਰਪੂਰ ਹੁੰਦੇ ਹੋਏ ਪਕਵਾਨਾਂ ਵਿਚ ਮਿਠਾਸ ਅਤੇ ਸੁਆਦ ਨੂੰ ਸਰਸ਼ਾਰ ਕਰਦੇ ਹਨ ਪਰ ਅੰਤਰੀਵੀ ਭੁਖ

ਨੂੰ ਤ੍ਰਿਪਤ ਨਹੀਂ ਕਰ ਸਕਦੇ। ਉਹ ਸਾਨੂੰ ਅਹਿਸਾਸ ਕਰਵਾਉਂਦੇ ਹਨ ਕਿ ਭਾਵੇਂ ਦੁਨਿਆਵੀ ਆਕਰਸ਼ਣ ਕਿੰਨੇ ਵੀ ਸੁਖਦਾਇਕ ਜਾਂ ਲੁਭਾਉਣੇ ਕਿਉਂ ਨਾ ਹੋਣ, ਉਹ ਸੱਚੇ ਰੂਹਾਨੀ ਸੰਬੰਧ ਨੂੰ ਸਥਾਪਿਤ ਨਹੀਂ ਕਰ ਸਕਦੇ। ਉਨ੍ਹਾਂ ਦਾ ਮੁੱਖ ਸੰਦੇਸ਼ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਸ੍ਰਿਸ਼ਟੀ ਦੀ ਏਕਤਾ ਨਾਲ ਇਕਸਾਰਤਾ ਪੈਦਾ ਕਰਕੇ ਰੂਹਾਨੀ ਜਾਗ੍ਰਿਤੀ ਦੀ ਅਨੰਦਮਈ ਅਵਸਥਾ ਦਾ ਅਨੁਭਵ ਕੀਤਾ ਜਾ ਸਕਦਾ ਹੈ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** **[OnenessInDiversity.com]**

**ਈਮੇਲ: onenessindiversityfoundation@gmail.com**